# ਵਿਸ਼ਵਵਿਆਪਕ ਭ੍ਰਿਸ਼ਟਾਚਾਰ-ਵਿਰੋਧੀ ਨੀਤੀ

## GEC-02

**ਪ੍ਰਭਾਵੀ**: 29 **ਜੂਨ**, 2012

ਯੂਨਾਈਟਿਡ ਸਟੇਟਸ ਅਤੇ ਅੰਤਰਰਾਸ਼ਟਰੀ ਆਪਰੇਸ਼ਨਾਂ ਵਿੱਚ Walmart Inc. ਅਤੇ ਇਸ ਦੀਆਂ ਸਹਾਇਕ ਕੰਪਨੀਆਂ ਅਤੇ ਸਬੰਧਤ ਕੰਪਨੀਆਂ (ਇਕੱਠਿਆਂ "Walmart" ਜਾਂ "ਕੰਪਨੀ" ਕਿਹਾ ਜਾਂਦਾ ਹੈ) ਵਧ ਤੋਂ ਵਧ ਸੰਭਵ ਨੈਤਿਕਤਾ ਮਿਆਰਾਂ ਨੂੰ ਕਾਇਮ ਰੱਖਣ ਅਤੇ ਸਾਰੇ ਲਾਗੂ ਕਾਨੂੰਨਾਂ ਦਾ ਅਨੁਪਾਲਣ ਕਰਨ ਲਈ ਵਚਨਬੱਧ ਹਨ। ਆਪਣੇ ਸਾਰੇ ਆਪਰੇਸ਼ਨਾਂ ਵਿੱਚ, Walmart ਆਪਣੇ ਕਿਸੇ ਅਧਿਕਾਰੀਆਂ, ਨਿਰਦੇਸ਼ਕਾਂ, ਸਹਿਯੋਗੀਆਂ, ਕਰਮਚਾਰੀਆਂ, ਏਜੰਟਾਂ ਜਾਂ ਨੁਮਾਇੰਦਿਆਂ ਦੀਆਂ ਕਾਰਵਾਈਆਂ ਦੇ ਸਬੰਧ ਵਿੱਚ ਅਣਉਚਿਤਤਾ ਦੇ ਨਜ਼ਰ ਆਉਣ ਤੋਂ ਵੀ ਬਚਣ ਦੀ ਕੋਸ਼ਿਸ਼ ਕਰਦੇ ਹਨ। ਇਹ ਪਾਲਿਸੀ ਸਾਰੇ ਹਾਲਾਤਾਂ ਵਿੱਚ ਯੂਨਾਈਟਿਡ ਸਟੇਟਸ ਅਤੇ ਅੰਤਰਰਾਸ਼ਟਰੀ ਆਪਰੇਸ਼ਨਾਂ ਵਿੱਚ ਭ੍ਰਿਸ਼ਟ ਭੁਗਤਾਨ ਨੂੰ ਰੋਕਦੀ ਹੈ, ਭਾਵੇਂ ਸਰਕਾਰੀ ਅਧਿਕਾਰੀਆਂ ਦੇ ਨਾਲ ਸੌਦੇਬਾਜ਼ੀ ਵਿੱਚ ਹੋਵੇ ਜਾਂ ਫੇਰ ਪ੍ਰਾਈਵੇਟ ਸੈਕਟਰ ਵਿੱਚ ਵਿਅਕਤੀਆਂ ਦੇ ਨਾਲ।

## ਸਾਧਾਰਨ ਨਿਰਦੇਸ਼

ਅਮਰੀਕੀ ਵਿਦੇਸ਼ੀ ਭ੍ਰਿਸ਼ਟ ਪ੍ਰੈਕਟਿਸ ਅਧਿਨਿਯਮ ("FCPA") ਅਤੇ ਯੂਕੇ ਰਿਸ਼ਵਤਖੋਰੀ ਅਧਿਨਿਯਮ, ਜਿੱਥੇ ਲਾਗੂ ਹੋਵੇ, ਜਿਸ ਵਿੱਚ ਸਾਰੇ ਸਬੰਧਤ ਭ੍ਰਿਸ਼ਟਾਚਾਰ-ਵਿਰੋਧੀ ਕਾਨੂੰਨਾਂ ਦਾ ਪਾਲਣ ਕਰਨਾ Walmart ਦੀ ਨੀਤੀ ਹੈ, ਪਰ ਇਸ ਤਕ ਸੀਮਿਤ ਨਹੀਂ ਹੈ। ਇਸ ਅਨੁਸਾਰ, Walmart ਕੰਪਨੀ ਦੀ ਖ਼ਾਤਰ ਕੰਮ ਕਰ ਰਹੇ ਕਿਸੇ ਵੀ ਵਿਅਕਤੀ ਨੂੰ, ਸਿੱਧੇ ਜਾਂ ਅਸਿੱਧੇ ਤੌਰ 'ਤੇ ਅਣਉਚਿਤ ਭੁਗਤਾਨ ਕਰਨ ਜਾਂ ਪ੍ਰਾਪਤ ਕਰਨ ਤੋਂ ਰੋਕਦਾ ਹੈ।

ਅਣਉਚਿਤ ਭੁਗਤਾਨ ਦਾ ਮਤਲਬ ਰਿਸ਼ਵਤ ਲੈਣਾ ਜਾਂ ਦੇਣਾ, ਜਾਂ ਕਿਸੇ ਸਰਕਾਰੀ ਅਧਿਕਾਰੀ ਸਮੇਤ ਕਿਸੇ ਵਿਅਕਤੀ ਨੂੰ ਪੈਸੇ ਜਾਂ ਮੁੱਲ ਵਾਲੀ ਕੋਈ ਚੀਜ਼ ਦੇਣੀ, ਪੇਸ਼ ਕਰਨੀ ਜਾਂ ਦੇਣ ਦਾ ਵਚਨ ਦੇਣਾ, ਤਾਂ ਜੋ ਕਿਸੇ ਵਿਅਕਤੀ ਦੀ ਕਿਸੇ ਕਾਰਵਾਈ ਜਾਂ ਫੇਸਲੈ ਨੂੰ ਅਣਉਚਿਤ ਢੰਗ ਨਾਲ ਪ੍ਰਭਾਵਿਤ ਕੀਤਾ ਜਾਵੇ, ਜਾਂ ਕੰਪਨੀ ਲਈ ਕਿਸੇ ਅਣਉਚਿਤ ਲਾਭ ਨੂੰ ਕਿਸੇ ਹੋਰ ਢੰਗ ਨਾਲ ਪ੍ਰਾਪਤ ਕੀਤਾ ਜਾਵੇ ।

ਇੱਕ ਸਰਕਾਰੀ ਅਧਿਕਾਰੀ ਵਿੱਚ ਸਰਕਾਰ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ, ਕਿਸੇ ਜਨਤਕ ਅੰਤਰਰਾਸ਼ਟਰੀ ਸੰਗਠਨ ਦਾ ਅਧਿਕਾਰੀ ਜਾਂ ਕਰਮਚਾਰੀ, ਕਿਸੇ ਸਿਆਸੀ ਧਿਰ ਦਾ ਸਦੱਸ, ਸਿਆਸੀ ਦਫਤਰ ਲਈ ਉਮੀਦਵਾਰ, ਜਾਂ ਰਾਜ ਦੀ ਮਲਕੀਅਤ ਵਾਲੇ ਕਾਰੋਬਾਰੀ ਉਦਯੋਗ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਸ਼ਾਮਲ ਹੋ ਸਕਦਾ ਹੈ, ਪਰ ਇਸ ਤਕ ਸੀਮਿਤ ਨਹੀਂ ਹੈ।

ਕਿਸੇ ਵੀ ਗੈਰ-ਕਾਨੂੰਨੀ, ਅਣਉਚਿਤ, ਜਾਂ ਅਨੈਤਿਕ ਉਦੇਸ਼ ਲਈ Walmart ਦੇ ਕੋਸ਼ ਜਾਂ ਪੂੰਜੀਆਂ ਦੀ ਵਰਤੋਂ ਕਰਨ ਦੀ ਸਖਤ ਮਨਾਹੀ ਹੈ।

ਸਾਰੇ ਸਹਿਯੋਗੀਆਂ ਅਤੇ ਤੀਜੀਆਂ ਧਿਰਾਂ ਨੂੰ ਇਸ ਵਿਸ਼ਵਵਿਆਪਕ ਭ੍ਰਿਸ਼ਟਾਚਾਰ-ਵਿਰੋਧੀ ਨੀਤੀ ("ਪਾਲਿਸੀ") ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ ਜੋ ਕੰਪਨੀ ਦੇ ਵੱਲੋਂ ਸਰਕਾਰੀ ਅਧਿਕਾਰੀਆਂ ਦੇ ਨਾਲ ਗੱਲਬਾਤ ਕਰਨ ਵਿੱਚ ਸ਼ਾਮਲ ਹੁੰਦੇ ਹਨ ਜਾਂ ਗੱਲਬਾਤ ਕਰ ਸਕਦੇ ਹਨ। ਸਾਰੇ ਸਹਿਯੋਗੀ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਜਿਹੜੀਆਂ ਤੀਜੀਆਂ ਧਿਰਾਂ ਦੇ ਨਾਲ ਉਹ ਗੱਲਬਾਤ ਕਰਦੇ ਹਨ, ਉਹ Walmart ਦੇ ਕਾਰੋਬਾਰ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਵਿੱਚ ਪਾਲਿਸੀ ਨੂੰ ਪੂਰੀ ਤਰ੍ਹਾਂ ਸਮਝਦੀਆਂ ਅਤੇ ਪਾਲਣ ਕਰਦੀਆਂ ਹਨ।

## ਉਲੰਘਣ

Walmart ਦੇ ਕਾਰੋਬਾਰ ਦੇ ਸਬੰਧ ਵਿੱਚ ਨੀਤੀ ਦਾ ਉਲੰਘਣ ਕਰ ਰਹੇ ਕਿਸੇ ਸਹਿਯੋਗੀ ਜਾਂ ਤੀਜੀ ਧਿਰ ਉੱਤੇ ਅਨੁਸ਼ਾਸਨ-ਸਬੰਧੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਕਿਸੇ ਸਹਿਯੋਗੀ ਦੇ ਮਾਮਲੇ ਵਿੱਚ ਉਸਦੀ ਬਰਖ਼ਾਸਤਗੀ ਤਕ ਅਤੇ ਸਮੇਤ, ਕਿਸੇ ਤੀਜੀ ਧਿਰ ਦੇ ਮਾਮਲੇ ਵਿੱਚ ਕਾਰੋਬਾਰੀ ਸਬੰਧਾਂ ਦੀ ਸਮਾਪਤੀ ਅਤੇ ਜਿੱਥੇ ਢੁਕਵਾਂ ਹੋਵੇ, ਸਬੰਧਤ ਕਾਨੂੰਨ ਅਨੁਪਾਲਣ ਅਧਿਕਾਰੀਆਂ ਨੂੰ ਮਸਲਾ ਪੇਸ਼ ਕਰਨਾ ਸ਼ਾਮਲ ਹੈ।

## ਭ੍ਰਿਸ਼ਟਾਚਾਰ-ਵਿਰੋਧੀ ਕਾਰਜਕ੍ਰਮ ਨੂੰ ਵਿਸ਼ਵਵਿਆਪੀ ਤੌਰ 'ਤੇ ਲਾਗੂ ਕਰਨਾ

ਪਾਲਿਸੀ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ, Walmart ਨੂੰ ਰਿਸ਼ਵਤਖੋਰੀ ਅਤੇ ਰਿਕਾਰਡ ਬਰਕਰਾਰ ਰੱਖਣ ਸਬੰਧੀ ਉਲੰਘਣ ਨੂੰ ਰੋਕਣ, ਇਸਦਾ ਪਤਾ ਲਗਾਉਣ, ਅਤੇ ਸੁਧਾਰ ਕਰਨ ਲਈ ਇੱਕ ਅਸਰਦਾਰ ਜੋਖਮ-ਆਧਾਰਿਤ ਵਿਸ਼ਵਵਿਆਪਕ ਭ੍ਰਿਸ਼ਟਾਚਾਰ-ਵਿਰੋਧੀ ਪ੍ਰੋਗਰਾਮ ("ਪ੍ਰੋਗਰਾਮ") ਕਾਇਮ ਰੱਖਣਾ ਚਾਹੀਦਾ ਹੈ। ਪ੍ਰੋਗਰਾਮ ਦੇ ਹਿੱਸੇ ਵਜੋਂ, Walmart ਨੂੰ ਆਪਣੇ ਸਾਰੇ ਆਪਰੇਸ਼ਨਾਂ ਲਈ ਮੌਜੂਦ ਭ੍ਰਿਸ਼ਟਾਚਾਰ ਜੋਖਮਾਂ ਲਈ ਵਿਸ਼ੇਸ਼ ਤੌਰ 'ਤੇ ਟੀਚਾਗਤ ਸੰਚਾਲਨ ਕਾਰਜਵਿਧੀਆਂ ਨੂੰ ਅਪਣਾਉਣਾ ਚਾਹੀਦਾ ਹੈ। ਹਰੇਕ ਪ੍ਰਭਾਵਿਤ ਖੇਤਰ ਵਿੱਚ ਪ੍ਰਬੰਧਨ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਾ ਚਾਹੀਦਾ ਹੈ ਕਿ ਅਸਰਦਾਰ ਅਨੁਪਾਲਣ ਪ੍ਰੋਗਰਾਮਾਂ ਨੂੰ ਬਰਕਰਾਰ ਰੱਖਣ ਲਈ ਬਥੇਰੇ ਸਰੋਤ ਪ੍ਰਦਾਨ ਕੀਤੇ ਜਾਂਦੇ ਹਨ। Walmart Inc., 'ਤੇ ਇੱਕ ਸੀਨੀਅਰ ਕਾਰਜਕਾਰੀ ਅਧਿਕਾਰੀ ਨੂੰ ਪ੍ਰੋਗਰਾਮ ਦੀ ਸਮੁੱਚੀ ਜ਼ਿੰਮੇਵਾਰੀ ਦਿੱਤੀ ਜਾਣੀ ਚਾਹੀਦੀ ਹੈ, ਅਤੇ ਉਸ ਨੂੰ Walmart Inc. ਦੇ ਬੋਰਡ ਔਫ ਡਾਇਰੈਕਟਰਾਂ ਦੀ ਆਡਿਟ ਕਮੇਟੀ ਨੂੰ ਨਿਯਮਿਤ ਤੌਰ 'ਤੇ ਸੂਚਨਾ ਦੇਣੀ ਚਾਹੀਦੀ ਹੈ, ਜਿਹਨਾਂ ਨੂੰ ਪ੍ਰੋਗਰਾਮ ਦੇ ਲਾਗੂ ਹੋਣ ਅਤੇ ਪ੍ਰਭਾਵਸ਼ੀਲਤਾ ਵਜੋਂ ਮੁਨਾਸਬ ਨਿਗਰਾਨੀ ਕਰਨੀ ਚਾਹੀਦੀ ਹੈ।

ਪਾਲਿਸੀ ਨੂੰ ਲਾਗੂ ਕਰਨ ਲਈ ਵਰਤੀਆਂ ਕਾਰਜਵਿਧੀਆਂ ਅਤੇ ਰਾਜਪ੍ਰਬੰਧ ਵਿੱਚ ਘੱਟੋ-ਘੱਟ ਇਹ ਸ਼ਾਮਲ ਹੋਵੇਗਾ:

1. ਕੋਸ਼ ਅਤੇ ਦੂਜੀਆਂ ਪੂੰਜੀਆਂ ਦੇ ਵਿਤਰਣ ਉੱਤੇ ਅਸਰਦਾਰ ਨਿਯੰਤ੍ਰਣ ਤਾਂ ਜੋ ਇਹ ਯਕੀਨੀ ਬਣਾਇਆ ਜਾਵੇ ਕਿ ਵਿਤਰਣ ਅਣਉਚਿਤ ਉਦੇਸ਼ਾਂ ਲਈ ਨਹੀਂ ਕੀਤੇ ਜਾਂਦੇ ਹਨ;

2. ਇਹ ਯਕੀਨੀ ਬਣਾਉਣ ਲਈ ਉਪਾਅ ਕਿ ਕਿਤਾਬਾਂ ਅਤੇ ਰਿਕਾਰਡ ਪੂੰਜੀ ਦੇ ਪ੍ਰਬੰਧ ਨੂੰ ਸਟੀਕਤਾ ਨਾਲ ਦਰਸਾਉਂਦੇ ਹਨ;

3. Walmart ਦੀ ਆਚਾਰ ਸੰਹਿਤਾ ਵਿੱਚ ਸ਼ਾਮਲ ਕੀਤੇ ਵਜੋਂ ਸਪਸ਼ਟਤਾ ਨਾਲ ਜੋੜੇ ਗਏ ਵਿਵਹਾਰ ਦੇ ਮਿਆਰ, ਜੋ Walmart ਦੇ ਸਾਰੇ ਆਪਰੇਸ਼ਨਾਂ ਲਈ ਚੰਗੀ ਤਰ੍ਹਾਂ ਜਨਤਕ ਬਣਾਏ ਜਾਣੇ ਚਾਹੀਦੇ ਹਨ ;





4. ਅਨੁਪਾਲਣ ਕਾਰਜਵਿਧੀਆਂ ਦੇ ਰੋਜ਼ਾਨਾ ਪ੍ਰਬੰਧਨ ਅਤੇ ਲਾਗੂ ਕਰਨ ਲਈ ਸਪਸ਼ਟਤਾ ਨਾਲ ਪਰਿਭਾਸ਼ਿਤ ਰੋਲ, ਜ਼ਿੰਮੇਵਾਰੀਆਂ, ਅਤੇ ਰਿਪੋਰਟਿੰਗ ਲਾਈਨਾਂ;

5. ਭ੍ਰਿਸ਼ਟਾਚਾਰ-ਵਿਰੋਧੀ ਸਬੰਧਤ ਮਿਆਰਾਂ ਅਤੇ ਕਾਰਜਵਿਧੀਆਂ ਦੇ ਬਾਰੇ ਕਾਰਜਕਾਰੀ ਅਧਿਕਾਰੀਆਂ, ਸਹਿਯੋਗੀਆਂ ਅਤੇ, ਜਿੱਥੇ ਢੁਕਵਾਂ ਹੋਵੇ, ਤੀਜੀਆਂ ਧਿਰਾਂ ਦੀ ਅਸਰਦਾਰ ਸਿਖਲਾਈ:

6. ਭ੍ਰਿਸ਼ਟਾਚਾਰ-ਵਿਰੋਧੀ ਕਾਰਜਵਿਧੀਆਂ ਦੇ ਨਾਲ ਅਨੁਪਾਲਣ ਲਈ ਅੰਦਰੂਨੀ ਆਡਿਟ ਜਾਂ ਤੀਜੀ ਧਿਰ ਦੁਆਰਾ ਜਾਂਚ, ਜਿਸ ਵਿੱਚ ਸਰਕਾਰੀ ਅਧਿਕਾਰੀਆਂ ਦੇ ਨਾਲ ਆਪਸੀ-ਪ੍ਰਭਾਵ ਪਾਉਣ ਵਾਲੇ ਆਪਰੇਸ਼ਨਾਂ ਲਈ ਖਰਚਿਆਂ ਦੀ ਸਮੀਖਿਆ ਸ਼ਾਮਲ ਹੈ;

7. ਹਰ ਸਾਲ ਕੀਤੇ ਗਏ ਭ੍ਰਿਸ਼ਟਾਚਾਰ ਜੋਖਮ ਆਕਲਨ;

8. ਕੰਪਨੀ ਦੀ ਖਾਤਿਰ ਸਰਕਾਰੀ ਅਧਿਕਾਰੀਆਂ ਦੇ ਨਾਲ ਗੱਲਬਾਤ ਕਰਨ ਵਿੱਚ ਸ਼ਾਮਲ ਤੀਜੀਆਂ ਧਿਰਾਂ ਦੇ ਜੋਖਮ-ਆਧਾਰਿਤ ਮੁਨਾਸਬ ਉੱਦਮ ਕਰਨਾ;

9. ਵਾਸਤਵਿਕ ਜਾਂ ਸੰਭਾਵੀ ਭ੍ਰਿਸ਼ਟਾਚਾਰ-ਵਿਰੋਧੀ ਮੁੱਦਿਆਂ ਦੀ ਸੂਚਨਾ ਦੇਣ ਜਾਂ ਮਾਰਗਦਰਸ਼ਨ ਮੰਗਣ ਲਈ ਇੱਕ ਵਿਧੀ ਜੋ ਪ੍ਰਭਾਵੀ ਢੰਗ ਨਾਲ ਜਨਤਕ ਬਣਾਈ ਗਈ ਹੈ, ਇਸਦੇ ਨਾਲ ਹੀ ਅਜਿਹੀਆਂ ਰਿਪੋਰਟਾਂ ਜਾਂ ਬੇਨਤੀਆਂ ਵੱਲ ਪ੍ਰਤੀਕਿਰਿਆ ਕਰਨ ਲਈ ਕਾਰਜਵਿਧੀਆਂ;

10. ਇਸ ਪਾਲਿਸੀ ਅਤੇ ਜਿੱਥੇ ਢੁਕਵਾਂ ਹੋਵੇ, ਸਬੰਧਤ ਕਾਰਜਵਿਧੀਆਂ ਦੀ ਨਿਯਮਿਤ ਸਮੀਖਿਆ ਅਤੇ, ਜੇ ਜ਼ਰੂਰੀ ਹੋਵੇ, ਸੁਧਾਈਆਂ ਜਾਂ ਅੱਪਡੇਟ, ਜਿਸ ਵਿੱਚ ਇਸ ਪਾਲਿਸੀ ਦੇ ਕਾਨੂੰਨੀ, ਨਿਯਾਮਕ, ਜਾਂ ਉਦਯੋਗਿਕ ਬਦਲਾਵਾਂ ਜਾਂ ਉਲੰਘਣਾਂ ਦੀ ਪ੍ਰਤੀਕਿਰਿਆ ਸ਼ਾਮਲ ਹੈ;

11. ਸਬੰਧਤ ਪਾਲਿਸੀ ਅਤੇ ਸਬੰਧਤ ਕਾਰਜਵਿਧੀਆਂ ਦੇ ਅਨੁਪਾਲਣ ਜਾਂ ਉਲੰਘਣ ਲਈ, ਤਰਤੀਬਵਾਰ, ਸਹਿਯੋਗੀਆਂ, ਕਾਰਜਕਾਰੀ ਅਧਿਕਾਰੀਆਂ ਅਤੇ ਤੀਜੀਆਂ ਧਿਰਾਂ ਲਈ ਢੁਕਵੇਂ ਇਨਸੈਂਟਿਵ ਅਤੇ ਸਜ਼ਾ।

## ਸੂਚਨਾ ਦੇਣਾ

ਹਰ ਸਹਿਯੋਗੀ ਜਾਂ ਤੀਜੀ ਧਿਰ ਜੋ ਇਹ ਜਾਣਦੀ ਹੈ ਕਿ ਇਸ ਪਾਲਿਸੀ ਦਾ ਉਲੰਘਣ ਹੋਇਆ ਹੋ ਸਕਦਾ ਹੈ ਜਾਂ ਮੰਨਦਾ/ਮੰਨਦੀ ਹੈ ਕਿ ਉਸ ਨੂੰ ਰਿਸ਼ਵਤ ਦੇਣ ਜਾਂ ਪ੍ਰਾਪਤ ਕਰਨ ਲਈ, ਜਾਂ ਇਸ ਪਾਲਿਸੀ ਦੇ ਵਿਰੋਧ ਵਿੱਚ ਕਿਸੇ ਹੋਰ ਤਰ੍ਹਾਂ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ, ਉਸਨੂੰ ਗਲੋਬਲ ਐਥਿਕਸ ਐਂਡ ਕੰਪਲਾਇੰਸ ਨੂੰ ਘਟਨਾ ਦੀ ਸਿੱਧੀ ਸੂਚਨਾ ਦੇਣੀ ਚਾਹੀਦੀ ਹੈ। ਭ੍ਰਿਸ਼ਟਾਚਾਰ-ਵਿਰੋਧੀ ਕਾਰਜਵਿਧੀਆਂ ਦੇ ਸ਼ੱਕੀ ਉਲੰਘਣ ਦੀ ਸੂਚਨਾ ਭ੍ਰਿਸ਼ਟਾਚਾਰ-ਵਿਰੋਧੀ ਅਨੁਪਾਲਣ ਨੂੰ ਜਨਤਕ ਬਣਾਉਣ ਲਈ ਦਿੱਤੀ ਜਾ ਸਕਦੀ ਹੈ।

ਗਲੋਬਲ ਐਥਿਕਸ ਐਂਡ ਕੰਪਲਾਇੰਸ ਨਾਲ ਵਧ ਤੋਂ ਵਧ ਸੰਭਵ ਗੁਪਤ ਤਰੀਕੇ ਨਾਲ ਵਿਵਹਾਰ ਕੀਤਾ ਜਾਂਦਾ ਹੈ । ਜੇ ਤੁਸੀਂ ਆਪਣੀ ਪਛਾਣ ਕਰਦੇ ਹੋ ਤਾਂ ਇਹ ਫਾਲੋ-ਅੱਪ ਦੇ ਨਾਲ ਮਦਦ ਕਰਦਾ ਹੈ। ਜੇ ਤੁਸੀਂ ਆਪਣੀ ਪਛਾਣ ਆਪ ਕਰਨ ਵਿੱਚ ਸੁਖਾਵੇਂ ਨਹੀਂ ਹੋ, ਤਾਂ ਤੁਸੀਂ ਕਾਨੂੰਨ ਦੁਆਰਾ ਇਜਾਜ਼ਤ ਸੀਮਾ ਤਕ ਐਥਿਕਸ ਹੈਲਪਲਾਈਨ ਨੂੰ ਗੁਮਨਾਮ ਰਿਪੋਰਟਾਂ ਭੇਜ ਸਕਦੇ ਹੋ।

ਗਲੋਬਲ ਐਥਿਕਸ ਐਂਡ ਕੰਪਲਾਇੰਸ ਲਈ ਸੰਪਰਕ ਜਾਣਕਾਰੀ ਹੇਠਲੇ ਬਾਕਸ ਵਿੱਚ ਸ਼ਾਮਲ ਕੀਤੀ ਗਈ ਹੈ:

**ਉਲੰਘਣ ਜਾਂ ਬੇਨਤੀਆਂ ਦੀ ਰਿਪੋਰਟ ਕਰਨਾ**

Walmart ਦੀ ਗਲੋਬਲ ਐਥਿਕਸ ਹੈਲਪਲਾਈਨ ਦਾ ਟੈਲੀਫ਼ੋਨ: 800-WM-ETHIC

(800-963-8442) (ਯੂ.ਐਸ., ਕੈਨੇਡਾ, ਅਤੇ ਪਿਉਰਟੋ ਰਿਕੋ ਵਿੱਚ, ਜਾਂ ਤੁਹਾਡਾ ਸਥਾਨਕ ਫ਼ੋਨ ਨੰਬਰ ਜੋ ਸਾਡੇ ਕੋਡ ਦੇ ਅੰਤ 'ਤੇ ਸੂਚੀਬੱਧ ਹੈ):

ਡਾਕ: ਧਿਆਨ ਦਿਓ: Global Ethics & Compliance, 702 SW 8th Street, Bentonville, AR 72716-0860 ਵੈਬ: www.walmartethics.com ਜਾਂ

ਈਮੇਲ: ethics@walmart.com

ਦੇਸ਼ ਦੀ ਵਿਸ਼ੇਸ਼ ਸੰਪਰਕ ਜਾਣਕਾਰੀ www.walmartethics.com 'ਤੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ

ਪੂਰੇ ਵਿਸ਼ਵਾਸ ਦੇ ਨਾਲ ਕਿਸੇ ਸਮੱਸਿਆ ਦੀ ਸੂਚਨਾ ਦੇਣਾ ਤੁਹਾਨੂੰ ਮੁਸੀਬਤ ਵਿੱਚ ਨਹੀਂ ਪਾਏਗਾ, ਭਾਵੇਂ ਜੇ ਤੁਸੀਂ ਸੱਚੀ ਗਲਤੀ ਕੀਤੀ ਹੈ। ਜਾਣਬੁੱਝ ਕੇ ਗ਼ਲਤ ਜਾਣਕਾਰੀ ਦੀ ਸੂਚਨਾ ਦੇਣਾ ਸਾਡੇ ਅਸੂਲਾਂ ਦੇ ਖਿਲਾਫ਼ ਹੈ ਅਤੇ ਅਨੁਸ਼ਾਸਨ-ਸਬੰਧੀ ਕਾਰਵਾਈ ਕੀਤੀ ਜਾਵੇਗੀ। ਨਾਲ ਹੀ, ਕੋਈ ਵਿਅਕਤੀ ਜੋ ਇੱਕ ਸ਼ੱਕੀ ਉਲੰਘਣ ਦੀ ਸੂਚਨਾ ਦਿੰਦਾ ਹੈ, ਉਸ ਉੱਤੇ ਉਸ ਸੀਮਾ ਤਕ ਅਨੁਸ਼ਾਸਨ-ਸਬੰਧੀ ਕਾਰਵਾਈ ਕੀਤੀ ਜਾ ਸਕਦੀ ਹੈ ਜਿਸ ਵਿੱਚ ਉਸਨੇ Walmart ਦੀ ਨੀਤੀ ਜਾਂ ਕਾਰਜਵਿਧੀ ਦਾ ਉਲੰਘਣ ਕੀਤਾ ਹੈ।